ਪ੍ਰੋਸਟੇਟ ਕੈਂਸਰ

ਪੂਰਵ-ਪੜ੍ਹਤਾਲ (SCREENING) ਕਰਵਾਉਣ ਦੇ ਨੁਕਸਾਨ ਲਾਭਾਂ ਨਾਲੋਂ ਕਿਤੇ ਜ਼ਿਆਦਾ ਹਨ

ਰੋਕਥਾਮਕਾਰੀ ਸਿਹਤ ਸੰਭਾਲ ਬਾਰੇ
ਕੈਨੇਡੀਅਨ ਟਾਸਕ ਫੋਰਸ

PSA ਟੈਸਟ ਨਾਲ 1,000 ਪੁਰਸ਼ਾਂ ਦੀ ਪੂਰਵ-ਪੜ੍ਹਤਾਲ ਕਰਨ ਦੇ ਨਤੀਜੇ*

1,000 ਪੁਰਸ਼ਾਂ ਦੀ ਪੂਰਵ-ਪੜ੍ਹਤਾਲ ਕੀਤੀ ਗਈ

720
ਪੁਰਸ਼ਾਂ ਵਿੱਚ
PSA ਟੈਸਟ ਦਾ ਨਤੀਜਾ ਨੈਗੇਟਿਵ ਆਵੇਗਾ

178
PSA ਦੇ ਪਾਜੇਟਿਵ ਨਤੀਜੇ ਵਾਲੇ ਪੁਰਸ਼ ਜਿਨ੍ਹਾਂ ਵਿੱਚ ਫਾਲੋ-ਅੱਪ ਟੈਸਟਿੰਗ ਪ੍ਰੋਸਟੇਟ ਕੈਂਸਰ ਦੀ ਪਛਾਣ ਨਹੀਂ ਕਰਦੀ

102
ਪੁਰਸ਼ਾਂ ਵਿੱਚ ਪ੍ਰੋਸਟੇਟ ਕੈਂਸਰ ਦੀ ਤਸ਼ਖੀਸ ਕੀਤੀ ਜਾਵੇਗੀ

33 — *ਇਹਨਾਂ 102 ਪ੍ਰੋਸਟੇਟ ਕੈਂਸਰਾਂ ਵਿੱਚੋਂ 33 ਬਿਮਾਰੀ ਜਾਂ ਮੌਤ ਦਾ ਕਾਰਨ ਨਾ ਬਣੇ ਹੁੰਦੇ। ਇਸ ਬਾਰੇ ਅਨਿਸ਼ਚਿਤਤਾ ਦੇ ਕਰਕੇ ਕਿ ਕੀ ਉਹਨਾਂ ਦਾ ਕੈਂਸਰ ਅੱਗੇ ਵਧੇਗਾ, ਜ਼ਿਆਦਾਤਰ ਪੁਰਸ਼ ਇਲਾਜ ਦੀ ਚੋਣ ਕਰਨਗੇ ਅਤੇ ਉਹਨਾਂ ਨੂੰ ਇਲਾਜ ਦੀਆਂ ਪੇਚੀਦਗੀਆਂ ਦਾ ਅਨੁਭਵ ਹੋ ਸਕਦਾ ਹੈ।*

5 — *PSA ਪੂਰਵ-ਪੜ੍ਹਤਾਲ ਕਰਵਾਉਣ ਦੇ ਬਾਵਜੂਦ, 5 ਪੁਰਸ਼ਾਂ ਦੀ ਮੌਤ ਪ੍ਰੋਸਟੇਟ ਕੈਂਸਰ ਕਰਕੇ ਹੋਵੇਗੀ।*

1 — *1 ਪੁਰਸ਼ ਪ੍ਰੋਸਟੇਟ ਕੈਂਸਰ ਤੋਂ ਹੋਣ ਵਾਲੀ ਮੌਤ ਤੋਂ ਇਸ ਲਈ ਬਚ ਜਾਵੇਗਾ ਕਿਉਂਕਿ ਉਸਨੇ PSA ਪੂਰਵ-ਪੜ੍ਹਤਾਲ ਕਰਵਾ ਲਈ ਸੀ।*

4 — *ਇਹਨਾਂ 178 ਲੋਕਾਂ ਵਿੱਚੋਂ 4 ਵਿਅਕਤੀਆਂ ਨੂੰ ਬਾਇਓਪਸੀ ਸੰਬੰਧੀ ਪੇਚੀਦਗੀਆਂ ਦਾ ਅਨੁਭਵ ਹੋਵੇਗਾ ਜਿਵੇਂ ਕਿ ਲਾਗ ਲੱਗਣੀ ਅਤੇ ਏਨਾ ਕੁ ਖੂਨ ਵਗ ਜਾਣਾ ਜਿਸ ਵਾਸਤੇ ਹਸਪਤਾਲ ਦਾਖਲ ਹੋਣ ਦੀ ਲੋੜ ਪੈਂਦੀ ਹੈ।*

* 55–69 ਸਾਲਾਂ ਦੀ ਉਮਰ ਵਾਲੇ ਲੋਕ, ਜਿਨ੍ਹਾਂ ਦੀ 13-ਸਾਲਾਂ ਦੀ ਮਿਆਦ ਦੌਰਾਨ ਪੂਰਵ-ਪੜ੍ਹਤਾਲ ਕੀਤੀ ਗਈ, ਅਤੇ ਜਿਨ੍ਹਾਂ ਵਿੱਚ PSA ਪੂਰਵ-ਪੜ੍ਹਤਾਲ ਦੀ ਉੱਪਰਲੀ ਸੀਮਾ 3.0 NG/ML ਸੀ

ਜੇ ਮੈਂ ਪੂਰਵ-ਪੜ੍ਹਤਾਲ ਨਹੀਂ ਕਰਵਾਉਂਦਾ ਤਾਂ ਮੇਰੇ ਜੋਖ਼ਮ ਕੀ ਹਨ?

- 55 ਤੋਂ 69 ਸਾਲਾਂ ਦੀ ਉਮਰ ਵਾਲੇ ਪੁਰਸ਼ਾਂ ਵਿੱਚ ਜੋ ਪੂਰਵ-ਪੜ੍ਹਤਾਲ ਨਹੀਂ ਕਰਵਾਉਂਦੇ, ਪ੍ਰੋਸਟੇਟ ਕੈਂਸਰ ਕਰਕੇ ਮੌਤ ਹੋਣ ਦਾ ਜੋਖ਼ਮ 1,000 ਵਿੱਚੋਂ 6 ਹੈ।
- ਬਕਾਇਦਾ PSA ਪੂਰਵ-ਪੜ੍ਹਤਾਲ ਦੇ ਨਾਲ, 55 ਤੋਂ 69 ਸਾਲਾਂ ਦੀ ਉਮਰ ਵਾਲੇ ਮਰਦਾਂ ਵਿੱਚ ਪ੍ਰੋਸਟੇਟ ਕੈਂਸਰ ਕਰਕੇ ਮਰਨ ਦਾ ਜੋਖ਼ਮ ਘਟਾਕੇ 1,000 ਵਿੱਚੋਂ 5 ਤੱਕ ਕੀਤਾ ਜਾ ਸਕਦਾ ਹੈ।
- ਬਹੁਤ ਸਾਰੇ ਮਾਮਲਿਆਂ ਵਿੱਚ, ਪ੍ਰੋਸਟੇਟ ਕੈਂਸਰ ਕਿਸੇ ਪੁਰਸ਼ ਦੀ ਜ਼ਿੰਦਗੀ ਲਈ ਕੋਈ ਖਤਰਾ ਨਹੀਂ ਖੜ੍ਹਾ ਕਰਦਾ, ਅਤੇ ਨਾ ਹੀ ਕਰੇਗਾ।

ਕੁਝ ਵੀ ਨਾ ਕਰਨ ਨਾਲੋਂ ਕੀ ਇਹ ਬਿਹਤਰ ਨਹੀਂ ਕਿ ਪੂਰਵ-ਪੜ੍ਹਤਾਲ ਕਰਵਾ ਲਈ ਜਾਵੇ?

- PSA ਨਾਲ ਪੂਰਵ-ਪੜ੍ਹਤਾਲ ਦਾ ਸਿੱਟਾ ਅਕਸਰ ਹੋਰ ਟੈਸਟਿੰਗ ਦੇ ਰੂਪ ਵਿੱਚ ਨਿਕਲਦਾ ਹੈ, ਜਿਸਦੇ ਖੁਦ ਆਪਣੇ ਗੰਭੀਰ ਜੋਖ਼ਮ ਅਤੇ ਸਮੱਸਿਆਵਾਂ ਹਨ।
- ਉਦਾਹਰਨ ਲਈ, ਬਾਇਓਪਸੀ ਵਿੱਚ ਕਈ ਸਾਰੇ ਸੰਭਾਵੀ ਨੁਕਸਾਨ ਸ਼ਾਮਲ ਹੁੰਦੇ ਹਨ ਜਿਵੇਂ ਕਿ ਲਾਗ, ਪਿਸ਼ਾਬ ਵਿੱਚ ਖੂਨ ਆਉਣਾ ਅਤੇ ਏਥੋਂ ਤੱਕ ਕਿ ਮੌਤ ਵੀ।
- ਇਸ ਤੋਂ ਇਲਾਵਾ, ਜੇ ਟੈਸਟਿੰਗ ਕਰਕੇ ਇਲਾਜ ਕਰਵਾਉਣਾ ਪੈਂਦਾ ਹੈ, ਜਿਵੇਂ ਕਿ ਪ੍ਰੋਸਟੈਕਟਮੀ (ਪ੍ਰੋਸਟੇਟ ਗਲੈਂਡ ਨੂੰ ਕਢਵਾਉਣਾ), ਤਾਂ ਪਿਸ਼ਾਬ 'ਤੇ ਕੰਟਰੋਲ ਨਾ ਰਹਿਣ ਅਤੇ ਲਿੰਗ ਖੜ੍ਹਾ ਨਾ ਹੋਣ ਦੇ ਵਿਕਾਰ ਦੀਆਂ ਸੰਭਾਵਨਾਵਾਂ ਵਿੱਚ ਜ਼ਿਕਰਯੋਗ ਵਾਧਾ ਹੋ ਜਾਂਦਾ ਹੈ। ਹੋਰ ਥੋੜ੍ਹੀ ਮਿਆਦ ਦੀਆਂ ਸਰਜਰੀ ਤੋਂ ਬਾਅਦ ਹੋਣ ਵਾਲੀਆਂ ਪੇਚੀਦਗੀਆਂ ਵਿੱਚ ਸ਼ਾਮਲ ਹਨ ਲਾਗਾਂ, ਵਾਧੂ ਸਰਜਰੀਆਂ ਅਤੇ ਖੂਨ ਚੜ੍ਹਾਉਣਾ ਅਤੇ ਮੌਤ।

ਰੋਕਥਾਮਕਾਰੀ ਸਿਹਤ ਸੰਭਾਲ ਬਾਰੇ ਕੈਨੇਡੀਅਨ ਟਾਸਕ ਫੋਰਸ ਕੀ ਸਿਫਾਰਸ਼ ਕਰਦੀ ਹੈ?

- ਯਕੀਨ ਦੁਆਊ ਸਬੂਤਾਂ ਦੀ ਕਮੀ ਦੇ ਆਧਾਰ 'ਤੇ ਕਿ PSA ਪੂਰਵ-ਪੜ੍ਹਤਾਲ ਪ੍ਰੋਸਟੇਟ ਕੈਂਸਰ ਕਰਕੇ ਹੋਣ ਵਾਲੀਆਂ ਮੌਤਾਂ ਨੂੰ ਘਟਾਉਂਦੀ ਹੈ, ਅਤੇ ਇਸ ਗੱਲ ਦੇ ਟਿਕਾਊ ਸਬੂਤਾਂ ਦੇ ਆਧਾਰ 'ਤੇ ਕਿ ਪੂਰਵ-ਪੜ੍ਹਤਾਲ ਅਤੇ ਸਰਗਰਮ ਇਲਾਜ ਦਾ ਸਿੱਟਾ ਵਾਕਿਆ ਹੀ ਨੁਕਸਾਨ ਦੇ ਰੂਪ ਵਿੱਚ ਨਿਕਲਦਾ ਹੈ, CTFPHC ਪ੍ਰੋਸਟੇਟ ਕੈਂਸਰ ਦੀ ਪੂਰਵ-ਪੜ੍ਹਤਾਲ ਕਰਨ ਲਈ PSA ਟੈਸਟਿੰਗ ਦੀ ਵਰਤੋਂ ਨਾ ਕਰਨ ਦੀ ਸਿਫਾਰਸ਼ ਕਰਦੀ ਹੈ।
- ਰੋਕਥਾਮਕਾਰੀ ਸਿਹਤ ਸੰਭਾਲ ਬਾਰੇ ਕੈਨੇਡੀਅਨ ਟਾਸਕ ਫੋਰਸ ਦੀਆਂ ਸਿਫਾਰਸ਼ਾਂ ਬਾਰੇ ਹੋਰ ਜਾਣਕਾਰੀ ਵਾਸਤੇ ਕਿਰਪਾ ਕਰਕੇ ਦੇਖੋ: www.canadiantaskforce.ca.

ਪੂਰਵ-ਪੜ੍ਹਤਾਲ ਕਰਨ ਦੇ ਲਾਭ ਕੀ ਹਨ?

- ਪ੍ਰੋਸਟੇਟ ਕੈਂਸਰ ਤੋਂ ਹੋਣ ਵਾਲੀ ਮੌਤ ਦਾ ਜੋਖ਼ਮ ਘਟ ਜਾਣਾ - ਹਰ 1000 ਪੁਰਸ਼ਾਂ ਵਿੱਚੋਂ 1 ਇਸ ਲਈ ਬਚ ਜਾਵੇਗਾ ਕਿਉਂਕਿ ਉਸਨੇ PSA ਪੂਰਵ-ਪੜ੍ਹਤਾਲ ਕਰਵਾ ਲਈ ਸੀ।

ਜ਼ਰੂਰੀ ਨਹੀਂ ਕਿ ਏਥੇ ਜ਼ਾਹਰ ਕੀਤੇ ਗਏ ਦ੍ਰਿਸ਼ਟੀਕੋਣ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦੇ ਦ੍ਰਿਸ਼ਟੀਕੋਣਾਂ ਦੀ ਤਰਜ਼ਮਾਨੀ ਕਰਦੇ ਹੋਣ।

ਲਾਭਾਂ ਅਤੇ ਨੁਕਸਾਨਾਂ ਵਾਸਤੇ ਅੰਕੜਿਆਂ ਦੀ ਗਣਨਾ 'ਯੂਰੋਪੀਅਨ ਰੈਂਡੋਮਾਈਜ਼ਡ ਸਟੱਡੀ ਆਫ ਸਕ੍ਰੀਨਿੰਗ ਫਾਰ ਪ੍ਰੋਸਟੇਟ ਕੈਂਸਰ (ERSPC) ਤੋਂ ਕੀਤੀ ਗਈ ਸੀ।

ਕਾਪੀਰਾਈਟ © (2014) ਯੂਨੀਵਰਸਿਟੀ ਆਫ ਕੈਲਗਰੀ